# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
**ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ,
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ),
ਪੰਜਾਬ।

ਮੀਮੋ ਨੰ. : ਸਸਅ/ਐਮਸੀ/2012/ 76550-76610
ਮਿਤੀ, ਚੰਡੀਗੜ੍ਹ 22-03-2012

**ਵਿਸ਼ਾ :- ਵਿਦਿਆਰਥੀਆਂ ਨੂੰ ਆਪਣੇ ਸਭਿਆਚਾਰ ਅਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਖਾਲਸਾ ਵਿਰਾਸਤ, ਅਨੰਦਪੁਰ ਸਾਹਿਬ ਦੇ ਦਰਸ਼ਨ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ-ਸਮੇਂ ਤੇ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਦੇ ਨਾਲ-ਨਾਲ, ਆਪਣੇ ਸਭਿਆਚਾਰ ਅਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ, ਵਿੱਦਿਅਕ ਟੂਰ ਕਰਵਾਏ ਜਾਂਦੇ ਹਨ। ਇਸ ਕੜੀ ਵਿੱਚ, ਪੰਜਾਬ ਸਰਕਾਰ ਵੱਲੋਂ, ਦਿੱਤੀ ਹਦਾਇਤ ਦੇ ਮੱਦੇ ਨਜ਼ਰ ਪੰਜਾਬ ਦੇ ਸਾਰੇ ਸਕੂਲਾਂ ( ਪ੍ਰਾਈਵੇਟ ਅਤੇ ਏਡਿਡ) ਵਿੱਚ ਵਿਦਿਆਰਥੀਆਂ ਨੂੰ ਖਾਲਸਾ ਵਿਰਾਸਤ, ਅਨੰਦਪੁਰ ਸਾਹਿਬ ਦੇ ਦਰਸ਼ਨ ਕਰਵਾਏ ਜਾਣ ਤਾਂ ਜੋ ਵਿਦਿਆਰਥੀ ਇਸ ਨੂੰ ਵੇਖ ਕੇ ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਣ।

3.0 ਇਸ ਲਈ ਜੇਕਰ ਅਗਾਮੀ ਸੈਸ਼ਨ 2012-13 ਦੌਰਾਨ RMSA ਅਧੀਨ ਵਿੱਦਿਅਕ ਟੂਰ ਕਰਵਾਉਣ ਲਈ ਕੋਈ ਗ੍ਰਾਂਟ ਪ੍ਰਾਪਤ ਹੁੰਦੀ ਹੈ ਤਾਂ ਪੰਜਾਬ ਦੇ ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ ਤੇ ਖਾਲਸਾ ਵਿਰਾਸਤ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਵਾਏ ਜਾਣ।

4.0 ਇਸੇ ਤਰ੍ਹਾਂ ਜੇ SSA ਅਧੀਨ ਕੋਈ ਵਿੱਦਿਅਕ ਟੂਰ, ਗਰਲਜ ਐਜੂਕੇਸ਼ਨ, AIE ਜਾਂ IED ਅਧੀਨ ਕੋਈ ਫੰਡ ਉਪਲੱਬਧ ਹੁੰਦਾ ਹੈ ਤਾਂ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ ਤੇ ਖਾਲਸਾ ਵਿਰਾਸਤ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਵਾਏ ਜਾਣ।

5.0 ਜੇਕਰ ਕੋਈ ਸਕੂਲ ਮੁੱਖੀ ਆਪਣੇ ਲੈਵਲ ਤੇ ਸਕੂਲ ਦੇ ਵਿਦਿਆਰਥੀਆਂ ਲਈ ਕੋਈ ਵਿੱਦਿਅਕ ਟੂਰ ਪਲਾਨ ਕਰਦਾ ਹੈ ਤਾਂ, ਕਰਵਾਏ ਜਾਣ ਵਾਲੇ ਟੂਰ ਵਿੱਚ ਉਪਰੋਕਤ ਸਥਾਨ ਵੀ ਪਲਾਨ ਕੀਤਾ ਜਾ ਸਕਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਪਿੱਠਅੰਕਣ ਨੰ. ਸਸਅ/ਐਮਸੀ/2012/ 76613-76616 ਮਿਤੀ, ਚੰਡੀਗੜ 22-03-2012

ਉਤਾਰਾ ਨਿਮਨਲਿਖਿਤ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਡਿਪਟੀ.ਐਸ.ਪੀ.ਡੀ. (ਵੀ), ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

2) ਡੀ.ਐਮ. (ਗਰਲਜ਼-ਐਜੁਕੇਸ਼ਨ), ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

3) ਏ.ਐਸ.ਪੀ.ਡੀ. (ਏ.ਆਈ.ਈ), ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

4) ਏ.ਐਸ.ਪੀ.ਡੀ. (ਆਈ.ਈ.ਡੀ.), ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**